Sl.No. :

नामांक Roll No.

| | | | | | | |
|---|---|---|---|---|---|---|
| | | | | | | |

No. of Questions – 20
No. of Printed Pages – 7

**SS-25-Punjabi Sah.(Supp.)**

# उच्च माध्यमिक पूरक परीक्षा, 2025
# SENIOR SECONDARY SUPPLEMENTARY EXAMINATION, 2025
# पंजाबी साहित्य
## PUNJABI SAHITYA

**Time : 3¼ Hours**
**Maximum Marks : 80**

## ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਲਿਖਣ ।
2. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ । ਪ੍ਰਸ਼ਨ ਨੰਬਰ 14 ਤੋਂ 20 ਤਕ ਆਂਤਰਿਕ ਵਿਕਲਪ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ । ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

Tear Here

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

यहाँ से काटिए

## ਖੰਡ - ੳ

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ : [18 × 1 = 18]

i) 'ਸੌਂ ਜਾ ਮੇਰੇ ਮਾਲਕਾ' ਕਾਵਿ ਰਚਨਾ ਦਾ ਕਵੀ ਹੈ :

ੳ) ਡਾ. ਜਗਤਾਰ ਅ) ਡਾ. ਹਰਿਭਜਨ ਸਿੰਘ

ੲ) ਡਾ. ਵਨੀਤਾ ਸ) ਡਾ. ਪਾਲ ਕੌਰ

ii) ਸ. ਸ. ਮੀਸ਼ਾ ਦੀ ਕਾਵਿ ਰਚਨਾ ਹੈ :

ੳ) ਧਰਤੀ ਦੇ ਬੋਲ ਅ) ਬਿਰਛ ਨਾਲ ਲੈ ਕੇ ਤੁਰਨਾ ਹੈ

ੲ) ਆਪਣੀ ਜਾਚੇ ਸ) ਅਰਦਾਸ

iii) ਕੇਹੀ ਹੈ ਖੇਡ ਅਸਾਡੀ
ਕੇਹੇ ਨੇ ਸਾਹ,
ਕਿ ਰੁੱਸ ਬੈਠੇ ਨੇ,
ਰੁੱਖ, ਪਹਾੜ, ਸਮੁੰਦਰ, ਬੱਦਲ !

ਉਪਰੋਕਤ ਸਤਰ੍ਹਾਂ ਕਿਸ ਕਵਿਤਾ ਦੀਆਂ ਹਨ :

ੳ) ਹੋਰਾਂ ਵਾਂਗੂ ਅ) ਔੜ ਏਦਾਂ ਹੀ

ੲ) ਔੜ ਸ) ਖੜ੍ਹਾ ਸਾਈਕਲ

iv) ਗਰਦਨ ਸਿੱਧੀ ਰੱਕਣ ਦਾ ਮੁੱਲ ਤਾਰ ਰਹੇ ਹਾਂ,
ਬੇਸ਼ਰਮਾਂ ਦਾ ਨੀਵੀਂ ਪਾ ਕੇ ਸਰ ਜਾਂਦਾ ਹੈ ।

ਉਪਰੋਕਤ ਸਤਰ੍ਹਾਂ ਕਿਸ ਕਵੀ ਦੀਆਂ ਹਨ :

ੳ) ਤ੍ਰੈਲੋਚਨ ਲੋਚੀ ਅ) ਗੁਰਤੇਜ ਕੋਹਾਰਵਾਲਾ

ੲ) ਸੁਰਜੀਤ ਪੱਾਤਰ ਸ) ਗੁਰਭਜਨ ਗਿੱਲ

v) 'ਬਹੁਤ ਹੀ ਚਾਲਾਕ ਸੌਦਾਗਰ ਨੇ ਸਾਰੇ, ਮੌਤ ਦੀ ਕਰਦੇ ਸਦਾ ਸੌਦਾਗਰੀ'

ਉਪਰੋਕਤ ਸਤਰ ਵਿੱਚ ਆਏ 'ਸੌਦਾਗਰ' ਸ਼ਬਦ ਦਾ ਸਹੀ ਅਰਥ ਹੈ :

ੳ) ਸ਼ਹਿਰੀ ਕਾਮੇ ਅ) ਦਲਾਲ

ੲ) ਵਪਾਰੀ ਸ) ਖਰੀਦਦਾਰ

vi) ਨੰਦ ਕਿਸ਼ੋਰ ਦੀ ਬੇਟੀ ਦਾ ਨਾਂ ਹੈ :

ੳ) ਮਾਧੁਰੀ ਅ) ਰਾਮ ਕਲੀ

ੲ) ਮਮਤਾ ਸ) ਇੰਦੂ

vii) 'ਅਰਸ਼ੀ ਦੀਵਾਲੀ' ਕਵਿਤਾ ਵਿੱਚ ਕਿਹੜੇ ਸ਼ਹਿਰ ਦੀ ਗੱਲ ਹੋਈ ਹੈ :

ੳ) ਤਰਨਤਾਰਨ ਅ) ਆਨੰਦਪੁਰ

ੲ) ਸੁਲਤਾਨਪੁਰ ਲੋਧੀ ਸ) ਅੰਮ੍ਰਿਤਸਰ

viii) ਖ਼ਾਨਗਾਹੀ ਦੀਵਾ ਵਾਲਣ ਨਾਲ ਕੀ ਹੁੰਦਾ ਹੈ :

ੳ) ਮਨ ਅਚੇਤ ਹੁੰਦਾ ਹੈ ਅ) ਸਨਸੇ ਦੂਰ ਹੁੰਦੇ ਹਨ

ੲ) ਡਰ ਵਸਦਾ ਹੈ ਸ) ਗਿਆਨ ਵਧਦਾ ਹੈ

ix) ਸਭ ਤੋਂ ਖਤਰਨਾਕ ਹੁੰਦਾ ਹੈ :

ੳ) ਕਿਰਤ ਦੀ ਲੁੱਟ ਅ) ਪੁਲਸ ਦੀ ਕੁੱਟ

ੲ) ਸਾਡੇ ਸੁਪਨਿਆਂ ਦਾ ਸਰ ਜਾਣਾ ਸ) ਡਰੂ ਜਿਹੀ ਚੁੱਪ

x) 'ਪੰਜ ਡਾਲਰ ਦਾ ਨੋਟ' ਕਹਾਣੀ ਦਾ ਕਹਾਣੀਕਾਰ ਹੈ :

ੳ) ਹਰਪ੍ਰੀਤ ਸਿੰਘ ਸੇਖਾ ਅ) ਅਮਨਪਾਲ ਸਾਰਾ

ੲ) ਬਲਵਿੰਦਰ ਗਰੇਵਾਲ ਸ) ਹਰਪਾਲ ਸਿੰਘ ਲੱਖੀਆਂ

xi) 'ਗੁੱਡ ਡੀਅਲ' ਕਹਾਣੀ ਵਿੱਚ ਕਿਸ ਮਰਦ ਪਾਤਰ ਦੀ ਮੌਤ ਹੁੰਦੀ ਹੈ :

ੳ) ਚਾਚੇ ਗੁਰਨਾਮ ਦੀ ਅ) ਚਾਚੇ ਗੇਜੂ ਦੀ

ੲ) ਚਾਚੇ ਰਾਜੇ ਦੀ ਸ) ਚਾਚੇ ਸਾਧੂ ਦੀ

xii) ਪੀਰਾਂ ਵਾਲੀ ਹਾਈ ਸਕੂਲ ਦੀ ਘਟਨਾ ਦਾ ਜ਼ਿਕਰ ਕਿਹੜੀ ਕਹਾਣੀ ਵਿੱਚ ਕੀਤਾ ਗਿਆ ਹੈ :

ੳ) ਮੋਹ ਪਾਸ਼ ਅ) ਆਤੂ ਖੋਜੀ

ੲ) ਆਪਣਾ ਆਪਣਾ ਹਿੱਸਾ ਸ) ਸੱਚ ਵੀ ਮੁਥਾਜ ਹੈ

xiii) 'ਮੈਨੂੰ ਜਾਣਨੈਂ' ? ਕਹਾਣੀ ਦਾ ਪਾਤਰ ਵੰਡ ਤੋਂ ਪਹਿਲਾਂ ਕਿੱਥੇ ਰਹਿੰਦਾ ਸੀ :

ੳ) ਲਾਹੌਰ ਅ) ਬੰਗਲੇ

ੲ) ਸਾਂਗਲੇ ਸ) ਸਰਗੋਸੇ

xiv) 'ਘੜੀ ਤਾਂ ਖਾਰਬ ਹੋਗੀ' ਕਹਾਣੀ ਵਿਚਲੇ ਮੀਰਆਬ ਪਾਤਰ ਦਾ ਨਾਂ ਦੱਸੋ :

ੳ) ਕੇਹਰੂ ਅ) ਮੇਹਰੂ

ੲ) ਸ਼ੇਰੂ ਸ) ਫੰਗਣ

xv) "ਪਾਣੀ............ਅਸੀਂ ਮਰਦਾਨੇ ਕੇ ਹੁੰਨੇ ਆ ਮਰਭਾ..........ਬਾਬਾ ਨਾਨਕ ਤੈਨੂੰ ਤਾਰੇ.............। ਇਹ ਵਾਕ ਕਿਹੜੀ ਕਹਾਣੀ ਨਾਲ ਸੰਬੰਧਿਤ ਹੈ :

ੳ) ਹਵਾ ਅ) ਸਹੀਦ ਦੀ ਮਾਂ

ੲ) ਕੋਈ ਇੱਕ ਸਵਾਰ ਸ) ਆਪਣਾ ਆਪਣਾ ਹਿੱਸਾ

xvi) ਭੂਆ ਦੀ ਨੂੰਹ ਦਾ ਨਾਂ ਹੈ :

ੳ) ਗੁਰਦੇਵ ਕੌਰ ਅ) ਚੰਨਣ ਕੌਰ

ੲ) ਤੇਜ ਕੌਰ ਸ) ਗੁਲਾਬ ਕੌਰ

xvii) ਰੌਦਰ ਰਸ ਦਾ ਸਥਾਈ ਭਾਵ ਹੈ :

ੳ) ਭੈਆ ਅ) ਵੈਰਾਗ

ੲ) ਸ਼ੋਕ ਸ) ਕ੍ਰੋਧ

xviii) 'ਹੱਥ ਪੈਰ ਮਾਰਨਾ' ਮੁਹਾਵਰੇ ਦਾ ਸਹੀ ਅਰਤ ਹੈ :

ੳ) ਜਾਨ ਨੂੰ ਖਤਰੇ ਵਿੱਚ ਪਉਣਾ ਅ) ਕਿਸੇ ਨੂੰ ਕੁੱਟਣਾ

ੲ) ਕੋਸ਼ਿਸ ਕਰਨਾ ਸ) ਠੁੱਡ ਵਿਖਾਉਣਾ

2. ਹੇਠ ਲਿਖੀਆਂ ਖਾਲੀ ਥਾਂਵਾਂ ਭਰੋ : **[6 × 1 = 6]**

i) ਹਰ ਮੋੜ ਤੇ ਸਲੀਬਾਂ...............................।
..............................., ਸਾਡਾ ਵੀ ਦੇਖ ਜੇਰਾ ।

ii) ਪਰ ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ,
.......................................... ।

iii) ............................................।
ਸਾਂਝੀ ਰੋਟੀ ਵੰਡ ਕੇ ਖਾਣ ।

iv) ਉਹ ਕਿਹੜੀ ਗਲੀ,.......................।

v) ......................, ਪਰ ਵੱਟ ਨਾ ਗਿਆ ।

vi) ਬੇਬੇ ਤਾਂ.....................। ਕਾਈ ਸਾਲ ਪਿੱਛੇ ਜਾ ਪਏ

3. ਹੇਠ ਲਿਖੇ ਪ੍ਰਸ਼ਨਾ ਨੂੰ ਹੱਲ ਕਰੋ :- **[12 × 1 = 12]**

i) 'ਮੈਂ ਪੰਜਾਬੀ' ਕਵਿਤਾ ਵਿੱਚ ਇੱਕ ਕਿੱਸਾਕਾਰ ਅਤੇ ਇੱਕ ਸੂਫ਼ੀ ਕਵੀ ਦਾ ਜ਼ਿਕਰ ਹੋਇਆ ਹੈ । ਉਹਨਾਂ ਦੋਹਾਂ ਦੇ ਨਾਂ ਲਿਖੋ ।

ii) 'ਚੜ੍ਹ ਚੱਕ ਤੇ ਚੱਕ ਘੁਮਾਨੀਆਂ' ਕਵਿਤਾ ਵਿੱਚ ਕਵੀ ਕਿਸ ਤੋਂ ਸਦਕੇ ਜਾਂਦਾ ਹੈ ?

iii) 'ਉੱਚਾ ਨੀਵਾਂ ਬੋਲਣਾ' ਮੁਹਾਵਰੇ ਦਾ ਵਾਕ ਬਣਾ ਕੇ ਅਰਥ ਸਪੱਸ਼ਟ ਕਰੋ ।

**(iv-vi)** ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :

iv) ਕਿਤਰ ਕਰੋ ਨਾਮ ਜਪੋ ਤੇ ਵੰਡ ਛਕੋ ਸਿੱਖ ਧਰਮ ਦਾ ਮੂਲ ਹੈ

v) ਅਧਿਆਪਕ ਨੇ ਕਿਹਾ ਸਾਰੇ ਵਿਦਿਆਰਥੀਆਂ ਨੂੰ ਮੇਰਾ ਪਿੰਡ ਪੁਸਤਕ ਪੜ੍ਹਨੀ ਚਾਹੀਦੀ ਹੈ ।

vi) ਅਮਨਦੀਪ ਕੌਰ ਨੇ ਬੀ ਏ ਅਤੇ ਐੱਮ ਏ ਤਕ ਦੀ ਪੜ੍ਹਾਈ ਕੀਤੀ ਹੋਈ ਹੈ

**(vii-xii)** ਵਾਕ ਬੋਧ :

vii) ਬੱਚਾ ਦੁੱਧ ਪੀ ਰਿਹਾ ਹੈ । (ਵਾਕ ਵਿਚੋਂ ਉਦੇਸ਼ ਚੁਣੋ ।)

viii) ਨਰਮ ਮਰੀਜ਼ ਦੇ ਪੱਟੀ ਕਰ ਰਹੀ ਹੈ । (ਵਾਕ ਵਿਚੋਂ ਕਰਤਾ ਚੁਣੋ ।)

ix) ਤੇਜੋ ਦੀ ਭੈਣ ਨੱਚ ਵੀ ਰਹੀ ਹੈ ਅਤੇ ਬੋਲੀਆਂ ਵੀ ਪਾ ਰਿਹਾ ਹੈ ।
(ਬਣਤਰ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

x) ਗੁਰਮੀਤ ਪੜ੍ਹ ਰਿਹਾ ਹੈ ਕਿਉਂਕਿ ਉਸਦੇ ਇਮਤਿਹਾਨ ਨੇੜੇ ਆ ਗਏ ਹਨ ।
(ਬਣਤਰ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

xi) ਆਲਸੀ ਲੋਕ ਕਦੇ ਵੀ ਆਪਣਾ ਕੰਮ ਸਮੇਂ ਸਿਰ ਨਹੀਂ ਕਰਦੇ ।
(ਕਾਰਜ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

xii) ਤੁਸੀਂ ਕੱਲ੍ਹ ਕਿੰਨੇ ਵਜੇ ਆਓਗੇ? (ਕਾਰਜ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕਦੀ ਕਿਸਮ ਦੱਸੋ)

## ਖੰਡ - ਅ

**(4-8) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[5 × 2 = 10]**

ਰੁੱਖ ਸਾਡੇ ਜੀਵਨ ਦਾ ਅਨਮੋਲ ਧਨ ਹੈ । ਇਹ ਕੁਦਰਤ ਵੱਲੋਂ ਮਿਲਿਆ ਅਨਮੋਲ ਤੋਹਫ਼ਾ ਹੈ। ਇੰਨ੍ਹਾਂ ਨਾਲ ਜੰਗਲ ਮੌਲਦਾ ਹੈ, ਕੁਦਰਤ ਧੜਕਦੀ ਹੈ, ਵਾਤਾਵਰਨ ਰਮਣੀਕ ਹੁੰਦਾ ਹੈ । ਵੇਲਾਂ, ਬੂਟਿਆਂ ਰਾਹੀਂ ਬਾਤਾਂ ਪਾਉਂਦੀਆਂ ਹਨ, ਰੁੱਖ ਝੂਮਦੇ ਹਨ, ਹਵਾ ਸਰਗੋਸ਼ੀਆਂ ਕਰਦੀ ਹੈ । ਠੰਢੀਆਂ-ਮਿੱਠੀਆਂ ਪੌਣਾ ਵਾਤਾਵਰਨ ਵਿੱਚ-ਸੁਗੰਧੀਆਂ ਘੋਲਦੀਆਂ ਹਨ ਤੇ ਚਾਰ-ਚੁਫ਼ੇਰੇ ਹਰਿਆਵਲ ਲੋਰੀਆਂ ਦਿੰਦੀ ਹੈ । ਸੰਨ ਹੈ ਰੁੱਖਾਂ ਦਾ ਜੇਰਾ ਜੋ ਬਿਨਾਂ ਕਿਸੇ ਭੇਦ-ਭਾਵ ਦੇ ਸਭ ਲਈ ਬਾਹਾਂ ਪਸਾਰ ਕੇ ਖੜ੍ਹੇ ਹਨ । ਆਪ ਗਰਮੀ-ਸਰਦੀ, ਮੀਂਹ-ਧੁੱਪ ਆਦਿ ਸਹਾਰ ਕੇ ਸਭ ਨੂੰ ਆਸਰਾ, ਫ਼ਲ ਤੇ ਫੁੱਲ ਦਿੰਦੇ ਹਨ । ਰੁੱਖਾਂ ਦੀ ਛਾਂ, ਰੁੱਖਾਂ ਦੀ ਥਾਂ ਸਭ ਨਿਰਮਲ ਹੈ ਤੇ ਪਵਿੱਤਰ ਹੈ । ਨਿੰਮ, ਬੋਹੜ, ਪਿੱਪਲ, ਤੁਲਸੀ ਤੇ ਅੰਬ ਆਦਿ ਨਾਲ ਪਵਿੱਤਰਤਾ, ਪੂਜਨੀਕਤਾ ਤੇ ਸਨਮਾਨ ਦੀ ਭਾਵਨਾ ਜੁੜੀ ਹੋਈ ਹੈ ।

4. ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ ।

5. ਸਾਡੇ ਜੀਵਨ ਦਾ ਅਨਮੋਲ ਧਨ ਕੀ ਹੈ ਅਤੇ ਇਹ ਕਿੱਥੋਂ ਮਿਲਿਆ ਹੈ ?

6. ਰੁੱਖਾਂ ਨਾਲ ਕੀ ਹੁੰਦਾ ਹੈ ?

7. ਕਿੰਨ੍ਹਾਂ ਰੁੱਖਾਂ ਨਾਲ ਪਵਿੱਤਰਤਾ, ਪੂਜਨੀਕਤਾ ਤੇ ਸਨਮਾਨ ਦੀ ਭਾਵਨਾ ਜੁੜੀ ਹੋਈ ਹੈ?

8. **ਔਖੇ ਸ਼ਬਦਾਂ ਦੇ ਅਰਥ ਲਿਖੋ :**

   ਅਨਮੋਲ, ਨਿਰਮਲ, ਫੁੱਲ, ਮੀਂਹ

**(9-13) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ** **[5 × 2 = 10]**

9. ਨਾਟਕ ਨੂੰ ਮਿਸ਼ਰਤ ਕਲਾ ਰੂਪ ਕਿਉਂ ਆਖਿਆਂ ਜਾਂਦਾ ਹੈ ?

10. ਰਾਜਸਥਾਨ ਦੇ ਪੰਜਾਬੀ ਕਵੀਆਂ ਦੇ ਨਾਂ ਲਿਖੋ ।

11. 'ਸ਼ਾਂਤ ਰਸ' ਦਾ ਸਥਾਈ ਭਾਵ ਦੱਸ ਕੇ ਉਦਾਹਰਨ ਲਿਖੋ ।

12. ਰੁੱਖ, ਪਹਾੜ, ਸਮੁੰਦਰ ਤੇ ਬੱਦਲ ਕਿਉਂ ਰੁੱਸ ਬੈਠੇ ਹਨ ?

13. ਕਾਹਣੀ 'ਆਪਣਾ-ਆਪਣਾ ਹਿੱਸਾ' ਰਾਹੀਂ ਕਹਾਣੀਕਾਰ ਕੀ ਸੁਨੇਹਾ ਦਿੰਦਾ ਹੈ ?

## ਖੰਡ - ੲ

**(14-17)** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ **[4 × 3 = 12]**

**14.** ਮਿਹਨਤਾਂ ਦਾ ਮੁੱਲ ਆਪ ਪਾਉਣਾ ਲੋਕਾਂ ਨੇ
ਧਰਤੀ ਤੇ ਸੁਰਗ ਬਣਾਉਣਾ ਲੋਕਾਂ ਨੇ
ਇੱਕੋ ਜਿੰਨੀ ਖੁਸ਼ੀ ਸਾਰਿਆਂ ਦੇ ਜੀਣ ਨੂੰ
ਬਚੇਗਾ ਨਾ ਲੋਟੂ ਕੋਈ ਲਹੂ ਮੀਣ ਨੂੰ
ਸੂਹਾ ਝੰਡਾ ਉੱਚਾ ਲਹਿਰਾਊ ਹਾਣੀਆ

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।
iii) ਔਖੇ ਸ਼ਬਦਾਂ ਦੇ ਅਰਥ ਲਿਖੋ :
ਮੁੱਲ, ਲੋਟੂ, ਸੂਹਾ, ਲਹੂ ।

ਜਾਂ

ਹੱਥਾਂ ਦੇ ਵਿੱਚ ਡਿਗਰੀਆਂ, ਫਿਰਦੇ ਬੇਰੁਜਗਾਰ ।
ਮੁਲਕ ਤੱਰਕੀ ਕਰ ਰਿਹੈ, ਨਿੱਤ ਕਹਿੰਦੀ ਸਰਕਾਰ ।
ਹਾਲੇ ਵੀ ਦਿਲ ਤੜਪਦਾ, ਮਿਲਿਆ ਨਹੀ ਕਰਾਰ ।
ਸਿਵਿਆਂ ਵਾਲੀ ਰਾਖ਼ ਵੀ, ਹੋ ਗਈ ਠੰਡੀ ਠਾਰ ।
ਗਿਆਨ ਦੀ ਅੰਨ੍ਹੀ ਕੌੜ ਵਿੱਚ, ਹੋਏ ਬਹੁਤ ਖੁਆਰ ।
ਅੰਦਰ ਵੀ ਨਈਂ ਰੌਸ਼ਨੀ, ਬਾਹਰ ਵੀ ਅੰਧਕਾਰ ।

i) ਉਪਰੋਕਤ ਕਾਵਿ ਬੰਦ ਦਾ ਪ੍ਰਸੰਗ ਲਿਖੋ ।
ii) ਉਪਰੋਕਤ ਕਾਵਿ ਬੰਦ ਦੀ ਸਰਲ ਵਿਆਖਿਆ ਕਰੋ ।
iii) ਔਖੇ ਸ਼ਬਦਾਂ ਦੇ ਅਰਥ ਲਿਖੋ :
ਮੁਲਕ, ਕਰਾਰ, ਰਾਖ਼, ਅੰਧਕਾਰ

**15.** 'ਪੰਜਾਬ ਦੇ ਕਰਿਆ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

ਜਾਂ

'ਅਰਸ਼ੀ ਦੀਬਾਲੀ' ਕਵਿਤਾ ਦੀ ਸ਼ੋਭਾ ਬਿਆਨ ਕਰਦੀ ਹੈ ? ਤੇ ਕਿਉਂ ?

**16.** 'ਸੱਚ ਵੀ ਮੁਥਾਜ ਹੈ' ਕਹਾਣੀ ਦਾ ਸਾਰ ਲਿਖੋ ।

ਜਾਂ

'ਬਾਰੂ' ਜਾਂ 'ਘੁੱਦੂ' ਦੀ ਪਾਤਰ ਉਸਾਰੀ ਕਰੋ ।

**17.** ਕਿਸੇ ਇੱਕ ਸਿਰਲੇਖ ਅਨੁਸਾਰ ਕਹਾਣੀ-ਰਚਨਾ ਕਰੋ ।

ਜਿਹਾ ਕਰੋਗੇ ਤਿਹਾ ਭਰੋਗੇ ।

ਜਾਂ

ਏਕੇ ਵਿੱਚ ਬਰਕਤ ਹੈ ।

## ਖੰਡ - ਸ

**(18-20)** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **[3 × 4 = 12]**

**18.** ਕਿਸੇ ਇੱਕ ਵਿਸ਼ੇ ਉੱਪਰ ਲੇਖ ਰਚਨਾ ਕਰੋ ।

ਪੰਜਾਬ ਦੀਆਂ ਲੋਕ ਖੇਡਾਂ

ਜਾਂ

ਵਿਸਾਖੀ ਦਾ ਮੇਲਾ

ਜਾਂ

ਨੌਜਵਾਨਾਂ ਵਿੱਚ ਵਧ ਰਹੀ ਨਸ਼ਿਆਂ ਦੀ ਵਰਤੋਂ

**19.** ਕਿਸੇ ਇੱਕ ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਤੇ ਤੱਤਾਂ ਦਾ ਵਰਣਨ ਕਰੋ ।

ਗੀਤ

ਜਾਂ

ਇਕਾਂਗੀ

**20.** ਕਿਸੇ ਇੱਕ ਦਾ ਸੰਖੇਪ ਇਤਿਹਾਸ ਲਿਖੋ :

ਜੁਝਾਰਵਾਦੀ ਕਾਵਿ ਪ੍ਰਵਿਰਤੀ ਬਾਰੇ ਜਾਣਕਾਰੀ ਦਿਓ ।

ਜਾਂ

ਪੰਜਾਬੀ ਰੇਖਾ ਚਿੱਤਰ ਦੇ ਸੰਖੇਪ ਇਤਿਹਾਸ ਉੱਪਰ ਚਾਨਣ ਪਾਓ ।

DO NOT WRITE ANYTHING HERE